WCB FACTS 2024

# ਰੀਟਾਇਰਮੈਂਟ ਸਾਲਾਨਾ ਭੱਤਾ

**ਰੀਟਾਇਰਮੈਂਟ ਸਾਲਾਨਾ ਭੱਤਾ ਕੀ ਹੈ?**

ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB)ਯੋਗ ਕਾਮਿਆਂ ਲਈ ਇੱਕ ਰਿਟਾਇਰਮੈਂਟ ਐਨੂਇਟੀ ਖਾਤੇ ਵਿੱਚ ਇੱਕ ਫੰਡ ਅੱਡ ਕਰਦਾ ਹੈ। ਇਸ ਫੰਡ ਦਾ ਉਦੇਸ਼ ਕਾਮਿਆਂ ਨੂੰ ਉਹਨਾਂ ਦੀ ਰਿਟਾਇਮੈਂਟ ਆਮਦਨ ਵਿੱਚ ਮਦਦ ਕਰਨਾ ਹੈ ਜੇਕਰ ਇਹ ਕੰਮ ਨਾਲ ਸੰਬੰਧਤ ਸੱਟ ਜਾਂ ਬਿਮਾਰੀ ਕਰਕੇ ਪ੍ਰਭਾਵਿਤ ਹੁੰਦੀ ਹੈ। ਆਮ ਤੌਰ ਤੇ ਸਾਲਾਨਾ ਭੱਤਾ 65 ਸਾਲ ਤੋਂ ਪਹਿਲਾਂ ਦੀ ਉਮਰ ਤੱਕ ਭੁਗਤਾਨਯੋਗ ਹੁੰਦਾ ਹੈ ਜਾਂ ਫਿਰ ਜਦੋਂ WCB ਨਿਰਧਾਰਤ ਕਰਦਾ ਹੈ ਕਿ ਕਰਮਚਾਰੀ ਕਾਰਜਬਲ ਵਿੱਚੋਂ ਰਿਟਾਇਰ ਹੋ ਗਿਆ ਹੈ, ਪਰ 55 ਦੀ ਉਮਰ ਤੋਂ ਬਾਅਦ ਨਹੀਂ।

**ਰੀਟਾਇਰਮੈਂਟ ਸਾਲਾਨਾ ਭੱਤਾ ਦਾ ਵਿੱਤਪੋਸ਼ਣ ਕਿਵੇਂ ਹੁੰਦਾ ਹੈ?**

ਸਾਲਾਨਾ ਭੱਤਾ ਦਾ ਵਿੱਤਪੋਸ਼ਣ WCB ਰਾਹੀਂ ਹੁੰਦਾ ਹੈ; ਹਾਲਾਂਕਿ ਕਾਮੇ ਵੀ ਹਿੱਸਾ ਪਾਉਣ ਦੀ ਚੋਣ ਕਰ ਸਕਦੇ ਹਨ।

**ਰੀਟਾਇਰਮੈਂਟ ਸਾਲਾਨਾ ਭੱਤੇ ਲਈ ਕੌਣ ਯੋਗ ਹੁੰਦਾ ਹੈ?**

ਤੁਸੀਂ ਰੀਟਾਇਰਮੈਂਟ ਸਾਲਾਨਾ ਭੱਤਾ ਲਈ ਯੋਗ ਹੋ ਜੇਕਰ:

1. ਤੁਹਾਨੂੰ ਘੱਟੋ-ਘੱਟ 104 ਹਫਤਿਆਂ ਲਈ ਤਨਖਾਹ ਦੇ ਨੁਕਸਾਨ ਦੇ ਲਾਭ ਪ੍ਰਾਪਤ ਹੋਏ ਹਨ; ਅਤੇ
2. ਤੁਹਾਡੀ ਨਿਯੋਜਕ ਪੈਨਸ਼ਨ ਮੁਆਵਜ਼ੇ ਯੋਗ ਸੱਟ ਰਾਹੀਂ ਪ੍ਰਭਾਵਿਤ ਹੋਈ ਜਾਂ
   ਤੁਹਾਡੇ ਸੱਟ ਵਾਲੇ ਮਾਲਕ ਦੀ ਕੋਈ ਪੈਨਸ਼ਨ ਯੋਜਨਾ ਨਹੀਂ ਸੀ।

**ਰੀਟਾਇਰਮੈਂਟ ਸਾਲਾਨਾ ਭੱਤਾ ਕਿਵੇਂ ਕੰਮ ਕਰਦਾ ਹੈ?**

WCB ਵੱਲੋਂ ਵੱਖ ਰੱਖੀ ਗਈ ਰਕਮ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸੱਟ ਲੱਗਣ ਤੋਂ ਪਹਿਲਾਂ ਤੁਹਾਡਾ ਰੁਜ਼ਗਾਰਦਾਤਾ ਕਿੰਨੀ ਰਕਮ (ਜੇ ਕੋਈ ਹੋਵੇ) ਦਾ ਯੋਗਦਾਨ ਪਾ ਰਿਹਾ ਸੀ ਅਤੇ ਜਦੋਂ ਤੁਸੀਂ ਯੋਗ ਹੋ ਜਾਂਦੇ ਹੋ ਤਾਂ ਉਹ ਅਜੇ ਵੀ ਤੁਹਾਡੀ ਪੈਨਸ਼ਨ ਯੋਜਨਾ ਵਿੱਚ ਯੋਗਦਾਨ ਪਾ ਰਹੇ ਹਨ।

**ਕੀ ਮੇਰੇ ਹਫਤੇਵਾਰ ਲਾਭ WCB ਰਾਹੀਂ ਇੱਕ ਪਾਸੇ ਸੈਟ ਕੀਤੀ ਰਾਸ਼ੀ ਨਾਲ ਪ੍ਰਭਾਵਿਤ ਹੁੰਦੇ ਹਨ?**

WCB ਦੁਆਰਾ ਵੱਖ ਰੱਖੀ ਗਈ ਰਾਸ਼ੀ ਤੁਹਾਡੇ ਭੱਤਾ ਹਾਨੀ ਲਾਭਾਂ ਵਿਚੋਂ ***ਨਹੀਂ*** ਘਟਾਈ ਜਾਂਦੀ। ਜੇਕਰ ਤੁਸੀਂ ਆਪਣੇ ਸਾਲਾਨਾ

ਭੱਤੇ ਵਿੱਚ ਯੋਗਦਾਨ ਪਾਉਣ ਦੀ ਚੋਣ ਕਰਦੇ ਹੋ, ਤਾਂ ਜੋ ਰਕਮ ਤੁਸੀਂ ਯੋਗਦਾਨ ਪਾਉਣ ਲਈ ਚੁਣਦੇ ਹੋ, ਉਹ ਤੁਹਾਡੇ ਮਜ਼ਦੂਰੀ ਦੀ ਹਾਨੀ ਲਈ ਫਾਇਦਿਆਂ ਦੇ ਭੁਗਤਾਨਾਂ ਵਿੱਚੋਂ ਕੱਟੀ ਜਾਵੇਗੀ।

**ਮੈਂ ਰੀਟਾਇਰਮੈਂਟ ਸਾਲਾਨਾ ਭੱਤਾ ਵਿਚ ਕਿੰਨਾ ਹਿੱਸਾ ਪਾ ਸਕਦਾ ਹਾਂ?**

ਤੁਸੀਂ ਕੋਈ ਵੀ ਹਿੱਸਾ ਰਾਸ਼ੀ ਪਾ ਸਕਦੇ ਹੋ ਜੋ ਵਧ ਤੋਂ ਵਧ WCB ਰਾਹੀਂ ਪਾਈ ਜਾਂਦੀ ਹਿੱਸਾ ਰਾਸ਼ੀ ਦੇ ਬਰਾਬਰ ਤਕ ਹੋਵੇ।

**ਕੀ ਮੈਂ ਆਪਣੇ ਹਿੱਸੇ ਦੀ ਰਾਸ਼ੀ ਨੂੰ ਘਟਾ ਵਧਾ ਸਕਦਾ ਹਾਂ?**

ਜਦੋਂ ਤੁਸੀਂ ਇੱਕ ਵਾਰ ਫੈਸਲਾ ਕਰ ਲੈਂਦੇ ਹੋ ਕਿ ਹਿੱਸਾ ਪਾਉਣਾ ਹੈ ਜਾਂ ਨਹੀਂ, ਇਹ ਫੈਸਲਾ ਨਹੀਂ ਬਦਲਿਆ ਜਾ ਸਕਦਾ।

**ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਵਿਚ ਕਿਸ ਦਰ ਤੇ ਵਿਆਜ ਜੁੜਦਾ ਹੈ?**

ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਵਿਚ ਵਿਆਜ ਉਸੇ ਦਰ ਤੇ ਜੁੜਦਾ ਹੈ ਜਿਹੜਾ WCB ਨਿਵੇਸ਼ਾਂ ਦੀਆਂ ਰਿਟਰਨਾਂ ਦਾ ਬੁਕ ਰੇਟ ਹੁੰਦਾ ਹੈ।

**ਰੀਟਾਇਰਮੈਂਟ ਸਾਲਾਨਾ ਭੱਤਾ ਦਾ ਵਿੱਤਪੋਸ਼ਣ ਕਿਵੇਂ ਹੁੰਦਾ ਹੈ?**

ਸਾਲਾਨਾ ਭੱਤਾ ਤੁਹਾਡੀ ਰਿਟਾਇਰਮੈਂਟ ਦੇ ਸਮੇਂ ਇੱਕ ਉੱਕੀ-ਪੁੱਕੀ ਰਕਮ ਦੇ ਰੂਪ ਵਿੱਚ ਅਦਾ ਕੀਤਾ ਜਾਂਦਾ ਹੈ। ਹਾਲਾਂਕਿ, ਇੱਕ ਮਹੀਨੇਵਾਰ ਭੁਗਤਾਨ ਵਿਕਲਪ ਉਪਲਬਧ ਹੈ, ਜੇਕਰ ਤੁਹਾਡਾ ਸਾਲਾਨਾ ਭੱਤਾ ਬਾਕਾਇਆ ਇੱਕ ਤੈਅ ਪੱਧਰ 'ਤੇ ਪੁੱਜ ਜਾਵੇ। 2024 ਵਿੱਚ, ਇਹ ਪੱਧਰ $20,100 ਸੀ।

**ਮੇਰੇ ਮਹੀਨਾਵਾਰ ਰਿਟਾਇਰਮੈਂਟ ਸਾਲਾਨਾ ਭੱਤਾ ਭੁਗਤਾਨ ਕਿੰਨੇ ਹੋਣਗੇ?**

ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਤੋਂ ਤੁਹਾਨੂੰ ਮਿਲਣ ਵਾਲਾ ਮਹੀਨੇਵਾਰ ਭੁਗਤਾਨ ਤੁਹਾਡੇ ਹਾਲਾਤਾਂ ਤੇ ਨਿਰਭਰ ਕਰੇਗਾ। ਉਹ ਕਾਰਕ ਜਿਹਨਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਜਦੋਂ ਕਿਸੇ ਸਾਲਾਨਾ ਭੱਤੇ ਦੇ ਮਹੀਨੇਵਾਰ ਭੁਗਤਾਨ ਨੂੰ ਗਿਣਿਆ ਜਾਂਦਾ ਹੈ:

- ਤੁਹਾਡੇ ਵੱਲੋਂ ਚੁਣੀ ਗਈ ਸਾਲਾਨਾ ਭੱਤੇ ਦੀ ਕਿਸਮ;
- ਪਾਏ ਗਏ ਯੋਗਦਾਨ ਦੀ ਰਕਮ;
- ਤੁਹਾਡੀ ਉਮਰ ਅਤੇ;
- ਭਵਿੱਖ ਦੀਆਂ ਵਿਆਜ ਦਰਾਂ।

**ਕੀ ਹੋਵੇਗਾ ਜੇਕਰ ਮੈਂ ਸਾਲਾਨਾ ਭੱਤਾ ਸੰਗ੍ਰਹਿ ਕਰਨ ਤੋਂ ਪਹਿਲਾਂ ਮਰ ਜਾਂਦਾ ਹਾਂ?**

ਜੇਕਰ ਤੁਸੀਂ ਰਿਟਾਇਰਮੈਂਟ ਦੀ ਉਮਰ ਤਕ ਪਹੁੰਚਣ ਤੋਂ ਪਹਿਲਾਂ ਮਰ ਜਾਂਦੇ ਹੋ ਤਾਂ ਤੁਹਾਡਾ ਜੀਵਿਤ ਜੀਵਨ ਸਾਥੀ ਜਾਂ ਕਾਮਨ-ਲਾਅ ਪਾਰਟਨਰ ਤੁਹਾਡੀ ਮੌਤ ਦੀ ਤਾਰੀਖ ਤੱਕ ਤੁਹਾਡੇ ਰਿਟਾਇਰਮੈਂਟ ਸੰਬੰਧੀ ਸਾਲਾਨਾ ਭੱਤਾ ਖਾਤੇ ਦਾ ਪੂਰਾ ਮੁੱਲ ਪ੍ਰਾਪਤ ਕਰੇਗਾ (ਤੁਹਾਡੇ ਯੋਗਦਾਨ ਅਤੇ ਵਿਆਜ **ਦੇ ਨਾਲ-ਨਾਲ** WCB ਦਾ ਯੋਗਦਾਨ ਅਤੇ ਵਿਆਜ)।

ਜੇਕਰ ਤੁਸੀਂ ਰੀਟਾਇਰਮੈਂਟ ਦੀ ਉਮਰ ਤਕ ਪਹੁੰਚਣ ਤੋਂ ਪਹਿਲਾਂ ਮਰ ਜਾਂਦੇ ਹੋ, ਅਤੇ ਤੁਹਾਡੀ ਮੌਤ ਸਮੇਂ ਤਕ ਤੁਹਾਡਾ ਕੋਈ ਜੀਵਨ ਸਾਥੀ ਜਾਂ ਸਾਂਝਾ-ਕਾਨੂੰਨੀ ਜੀਵਨ ਸਾਥੀ ਨਹੀਂ ਹੈ, ਤੁਹਾਡੀ ਸੰਪਤੀ ਵਿਚ ਤੁਹਾਡੀ ਮੌਤ ਦੀ ਮਿਤੀ ਤਕ ਤੁਹਾਡੇ ਰੀਟਾਇਰਮੈਂਟ ਸਾਲਾਨਾ ਭੱਤੇ ਖਾਤੇ ਦੀ ਪੂਰੀ ਕੀਮਤ ਜੁੜ ਜਾਵੇਗੀ (ਤੁਹਾਡੇ ਹਿੱਸੇ ਅਤੇ ਨਾਲ ਹੀ WCB ਦੇ ਹਿੱਸੇ ਅਤੇ ਵਿਆਜ), ਤੁਹਾਡੀ ਸੱਟ ਦੀ ਮਿਤੀ ਦੇ ਆਧਾਰ ਤੇ।

**ਕੀ ਮੈਨੂੰ ਰੀਟਾਇਰਮੈਂਟ ਸਾਲਾਨਾ ਭੱਤਾ ਖਾਤੇ ਦੀਆਂ ਨੇਮੀ ਸਟੇਟਮੈਂਟਾਂ ਮਿਲਣਗੀਆਂ?**

ਹਾਂ, ਤੁਹਾਨੂੰ ਹਰ ਸਾਲ ਜੂਨ ਵਿੱਚ ਇੱਕ ਸਟੇਟਮੈਂਟ ਮਿਲੇਗੀ। ਸਟੇਟਮੈਂਟ ਪਿਛਲੇ ਸਾਲ ਦੇ 31 ਦਸੰਬਰ ਤੱਕ ਤੁਹਾਡੇ ਰਿਟਾਇਰਮੈਂਟ ਸੰਬੰਧੀ ਸਾਲਾਨਾ ਭੱਤਾ ਖਾਤੇ ਵਿੱਚ ਬਕਾਇਆ ਬਾਰੇ ਵੇਰਵੇ ਪ੍ਰਦਾਨ ਕਰਦੀ ਹੈ। ਇਹ ਸਟੇਟਮੈਂਟ ਤੁਹਾਡਾ ਕੁੱਲ ਹਿੱਸਾ (ਜੇਕਰ ਕੋਈ ਹੋਵੇ), WCB ਦੀਆਂ ਹਿੱਸੇਦਾਰੀਆਂ ਅਤੇ ਪਿਛਲੇ ਕੈਲੰਡਰ ਸਾਲ ਵਿਚ ਜੁੜੇ ਵਿਆਜ ਦੀ ਰਾਸ਼ੀ ਦੱਸਦੀ ਹੈ।

**ਕੀ ਮੈਂ ਆਪਣੀ ਰਿਟਾਇਰਮੈਂਟ ਐਨੁਇਟੀ ਨੂੰ ਇੱਕ ਰਜਿਸਟਰ ਕੀਤੀ ਯੋਜਨਾ ਵਿੱਚ ਟ੍ਰਾਂਸਫਰ ਕਰ ਸਕਦਾ/ਸਕਦੀ ਹਾਂ?**

WCB ਰਿਟਾਇਰਮੈਂਟ ਸੰਬੰਧੀ ਸਾਲਾਨਾ ਭੱਤਾ ਇੱਕ ਰਜਿਸਟਰਡ ਯੋਜਨਾ **ਨਹੀਂ ਹੈ**, ਇਸ ਲਈ ਇਸ ਨੂੰ ਰਜਿਸਟਰ ਕੀਤੀ ਯੋਜਨਾ ਵਿੱਚ ਟ੍ਰਾਂਸਫਰ **ਨਹੀਂ** ਕੀਤਾ ਜਾ ਸਕਦਾ।

ਤੁਹਾਨੂੰ ਪਤੇ ਵਿਚ ਕਿਸੇ ਵੀ ਤਬਦੀਲੀ ਬਾਰੇ WCB ਨੂੰ ਦੱਸਣਾ ਚਾਹੀਦਾ ਹੈ, ਤਾਂ ਜੋ WCB ਤੁਹਾਨੂੰ ਲਗਾਤਾਰ ਇਹ ਰੀਟਾਇਰਮੈਂਟ ਸਾਲਾਨਾ ਭੱਤਾ ਖਾਤਾ ਸਟੇਟਮੈਂਟਾਂ ਭੇਜ ਸਕੇ।

ਜੇਕਰ ਸਾਲਾਨਾ ਭੱਤੇ ਬਾਰੇ ਤੁਹਾਡੇ ਕੋਈ ਹੋਰ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ 204-954-4321 ਜਾਂ ਟੋਲ-ਫ੍ਰੀ 1-855-954-4321 'ਤੇ ਫੋਨ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।